*ਬਹੁ-ਸਭਿਆਚਾਰਕ ਔਸਟ੍ਰੇਲੀਆ – ਇੱਕਮੁੱਠ, ਮਜ਼ਬੂਤ, ਕਾਮਯਾਬ* ਸਰਕਾਰ ਦਾ ਜਨਤਕ ਬਿਆਨ ਹੈ ਜੋ ਬਹੁ-ਸਭਿਆਚਾਰਕ ਔਸਟ੍ਰੇਲੀਆ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦੋਹਰਾਉਂਦਾ ਹੈ; ਅਤੇ ਆਉਣ ਵਾਲੇ ਸਾਲਾਂ ਲਈ ਪ੍ਰਾਥਮਿਕਤਾ ਅਤੇ ਕਾਰਜਨੀਤਿਕ ਦੋਹਾਂ ਨਿਰਦੇਸ਼ਾਂ ਨੂੰ ਨਿਰਧਾਰਿਤ ਕਰਦਾ ਹੈ।

## ਪ੍ਰਸਤਾਵਨਾ

### ਔਸਟ੍ਰੇਲੀਆ ਦੇ ਪ੍ਰਧਾਨਮੰਤਰੀ

ਔਸਟ੍ਰੇਲੀਆ ਦੁਨੀਆ ਵਿੱਚ ਸਭ ਤੋਂ ਕਾਮਯਾਬ ਬਹੁ-ਸਭਿਆਚਾਰਕ ਸਮਾਜ ਹੈ।

ਅਸੀ ਆਪਣੇ ਸਭ ਤੋਂ ਪਹਿਲੇ ਔਸਟ੍ਰੇਲੀਆ ਦੇ ਲੋਕਾਂ (ਦੇਸੀ ਔਸਟ੍ਰੇਲੀਆਈ ਲੋਕਾਂ) ਜਿਨੇ ਪੁਰਾਣੇ ਹਾਂ, ਜੋ ਧਰਤੀ ਉੱਤੇ ਸਭ ਤੋਂ ਪੁਰਾਣੀ ਚਲਦਾ ਆ ਰਿਹਾ ਮਨੁੱਖੀ ਸਭਿਆਚਾਰ ਹੈ, ਅਤੇ ਜਿਨ੍ਹਾਂ ਨੇ 50,000 ਤੋਂ ਵੱਧ ਸਾਲਾਂ ਤੋਂ ਇਸ ਦੇਸ਼ ਦਾ ਧਿਆਨ ਰੱਖਿਆ ਹੈ।

ਅਤੇ ਅਸੀ ਕਿਸੇ ਅਜਿਹੀ ਪ੍ਰਵਾਸੀ ਮਾਤਾ ਦੁਆਰਾ ਆਪਣੀ ਬਾਹਾਂ ਵਿੱਚ ਚੁੱਕੇ ਬੱਚੇ ਜਿਨੇ ਨਵੇਂ ਹਾਂ ਜੋ ਸੰਸਾਰ ਦੇ ਕਿਸੇ ਵੀ ਦੇਸ਼, ਕਿਸੇ ਧਰਮ, ਕਿਸੀ ਜਾਤੀ ਤੋਂ ਆਈ ਹੋ ਸਕਦੀ ਹੈ।

ਔਸਟ੍ਰੇਲੀਆ ਪ੍ਰਵਾਸੀਆਂ ਦਾ ਦੇਸ਼ ਹੈ। ਵਰਤਮਾਨ ਸਮੇਂ ਵਿੱਚ ਸਾਡੀ ਲੱਗਭੱਗ ਅੱਧੀ ਤੋਂ ਵੱਧ ਆਬਾਦੀ ਦਾ ਜਨਮ ਜਾਂ ਤਾਂ ਵਿਦੇਸ਼ ਵਿੱਚ ਹੋਇਆ ਸੀ ਜਾਂ ਉਨ੍ਹਾਂ ਦੇ ਮਾਪਿਆਂ ਵਿੱਚੋਂ ਕਿਸੇ ਇੱਕ ਦਾ ਜਨਮ ਵਿਦੇਸ਼ ਵਿੱਚ ਹੋਇਆ ਸੀ।

ਅਤੇ ਸਾਡਾ ਸੰਬੰਧ ਹਰੇਕ ਸਭਿਆਚਾਰ, ਹਰੇਕ ਜਾਤੀ, ਹਰੇਕ ਧਰਮ, ਹਰੇਕ ਦੇਸ਼ ਨਾਲ ਹੈ।

ਅਸੀ ਜਾਤੀ, ਧਰਮ ਜਾਂ ਸਭਿਆਚਾਰ ਤੋਂ ਪਰਿਭਾਸ਼ਿਤ ਨਹੀਂ ਹਾਂ, ਪਰ ਅਸੀ ਸੁਤੰਤਰਤਾ, ਲੋਕਤੰਤਰ, ਕਨੂੰਨ ਦੇ ਨਿਯਮ ਅਤੇ ਅਵਸਰ ਦੀ ਸਮਾਨਤਾ ਤੋਂ ਪਰਿਭਾਸ਼ਿਤ ਹਾਂ – ਮਤਲਬ ਹਰ ਕਿਸੇ ਨੂੰ ਬਰਾਬਰੀ ਦੇ ਮੌਕੇ ਮਿਲਣਾ।

ਆਪਸੀ ਸਨਮਾਨ ਸਾਨੂੰ ਇੱਕ ਦੂੱਜੇ ਨਾਲ ਜੋੜੇ ਰੱਖਦਾ ਹੈ – ਇਸ ਗੱਲ ਦੀ ਡੂੰਘੀ ਪਛਾਣ ਕਿ ਸਾਡੇ ਵਿੱਚੋਂ ਹਰ ਕੋਈ ਇਕੋ ਜਿਹੇ ਸਨਮਾਨ, ਇਕੋ ਜਿਹੀ ਇੱਜ਼ਤ, ਇਕੋ ਜਿਹੇ ਮੋਕਿਆਂ ਦਾ ਹੱਕਦਾਰ ਹੈ।

ਅਤੇ ਰਾਸ਼ਟਰੀ ਸੁਰੱਖਿਆ – ਸਾਡੇ ਦੇਸ਼, ਸਾਡੇ ਲੋਕ ਅਤੇ ਸਾਡੀਆਂ ਕਦਰਾਂ ਦਾ ਦ੍ਰਿੜ੍ਹ ਸੰਕਲਪ – ਇੱਕ ਅਜਿਹੀ ਨੀਂਹ ਹੈ ਜਿਸ ਉੱਤੇ ਸਾਡੀਆਂ ਸੁਤੰਤਰਤਾਵਾਂ ਨੂੰ ਉਸਾਰਆ ਅਤੇ ਕਾਇਮ ਰੱਖਿਆ ਗਿਆ ਹੈ।

ਵਿਸ਼ਵ ਪੱਧਰ ਤੇ ਵੱਧਦੇ ਤਨਾਅ ਅਤੇ ਵੱਧਦੀ ਅਨਿਸ਼ਚਿਤਤਾ ਦੌਰਾਨ, ਔਸਟ੍ਰੇਲੀਆ ਦਾ ਆਪਣੀ ਵਿਭਿੰਨਤਾ ਨੂੰ ਗਲੇ ਲਗਾਉਣਾ,ਇਕਸੁਰਤਾਪੂਰਣ, ਸਮਾਨਵਾਦੀ ਅਤੇ ਉੱਦਮੀ ਰਾਸ਼ਟਰ ਦੀ ਇੱਕ ਅਟਲ ਉਦਾਹਰਣ ਬਣਨਾ ਹੈ।

ਸਾਡਾ ਬਿਆਨ *ਬਹੁ-ਸਭਿਆਚਾਰਕ ਔਸਟ੍ਰੇਲੀਆ – ਇੱਕਮੁੱਠ, ਮਜ਼ਬੂਤ, ਕਾਮਯਾਬ* ਇਕ ਅਜਿਹੇ ਬਹੁ-ਸਭਿਆਚਾਰਕ ਔਸਟ੍ਰੇਲੀਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੋਹਰਾਉਂਦਾ ਹੈ ਅਤੇ ਇਸਦੀ ਪੁਸ਼ਟੀ ਕਰਦਾ ਹੈ, ਜਿਸ ਵਿੱਚ ਜਾਤੀਵਾਦ ਅਤੇ ਭੇਦਭਾਵ ਲਈ ਕੋਈ ਥਾਂ ਨਹੀਂ ਹੈ।

ਮੈਂ ਸਾਰੇ ਔਸਟ੍ਰੇਲੀਆ ਦੇ ਲੋਕਾਂ ਨੂੰ ਸਾਡੇ ਬਿਆਨ *ਬਹੁ-ਸਭਿਆਚਾਰਕ ਔਸਟ੍ਰੇਲੀਆ – ਇੱਕਮੁੱਠ, ਮਜ਼ਬੂਤ, ਕਾਮਯਾਬ* ਦੀ ਸਿਫਾਰਸ਼ ਕਰਦਾ ਹਾਂ।



**ਮਾਣਯੋਗ Malcolm Turnbull MP**

ਔਸਟ੍ਰੇਲੀਆ ਦੇ ਪ੍ਰਧਾਨਮੰਤਰੀ

## ਸਮਾਜਕ ਸੇਵਾ ਮੰਤਰੀ (Minister for Social Services) ਅਤੇ ਸਮਾਜਕ ਸੇਵਾ ਅਤੇ ਬਹੁ-ਸਭਿਆਚਾਰਕ ਮਾਮਲਾ ਸਹਾਇਕ ਮੰਤਰੀ (Assistant Minister for Social Services and Multicultural Affairs) ਦਾ ਸਾਂਝਾ ਸੰਦੇਸ਼

ਸਾਰੇ ਔਸਟ੍ਰੇਲੀਆਈ ਲੋਕ ਸਾਡੇ ਮਜ਼ਬੂਤ ਅਤੇ ਕਾਮਯਾਬ ਬਹੁ-ਸਭਿਆਚਾਰਕ ਸਮਾਜ ਉੱਤੇ ਗਰਵ ਮਹਿਸੂਸ ਕਰ ਸੱਕਦੇ ਹਨ। ਔਸਟ੍ਰੇਲੀਆ ਦੀ ਕਹਾਣੀ ਦੀ ਸ਼ੁਰੂਆਤ ਏਬੋਰਿਜਨਲ ਅਤੇ ਟੋਰਸ ਸਟਰੇਟ ਦੀਪਵਾਸੀ ਔਸਟ੍ਰੇਲੀਆ ਦੇ ਲੋਕਾਂ ਨਾਲ ਬਹੁਤ ਪਹਿਲਾਂ ਹੋਈ ਸੀ, ਬ੍ਰਿਟੀਸ਼ ਸੰਸਥਾਨਾਂ ਦੀ ਸਥਾਪਨਾ ਨਾਲ ਇਹ ਅੱਗੇ ਵਧੀ ਸੀ, ਅਤੇ ਹੁਣ ਇਹ ਵੱਖ-ਵੱਖ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨਾਲ ਅੱਗੇ ਜਾਰੀ ਹੈ।

ਅਸੀ ਜਿਸ ਅਜ਼ਾਦੀ ਅਤੇ ਸੁਰੱਖਿਆ ਦਾ ਆਨੰਦ ਲੈਂਦੇ ਹਾਂ, ਉਹ ਸਾਨੂੰ ਇੰਝ ਹੀ ਨਹੀਂ ਮਿਲੀ ਹੈ। ਇੱਕ ਦੇ ਬਾਅਦ ਇੱਕ ਆਉਣ ਵਾਲੀਆਂ ਸਰਕਾਰਾਂ ਨੇ ਸਾਡੀ ਵਿਸ਼ੇਸ਼ ਰਾਸ਼ਟਰੀ ਪਛਾਣ ਅਤੇ ਲੋਕਾਂ ਦੇ ਇੱਕਜੁਟ ਅਤੇ ਏਕੀਕ੍ਰਿਤ ਬਣੇ ਰਹਿਣ ਦੀ ਮਹੱਤਤਾ ਉੱਤੇ ਜ਼ੋਰ ਦਿੰਦੇ ਹੋਏ ਵਿਭਿੰਨਤਾ ਨੂੰ ਅਪਨਾਉਣ ਵਾਲੇ ਸਾਡੇ ਸਮਾਜ ਲਈ ਇੱਕ ਉਦੇਸ਼ ਤੈਅ ਕੀਤਾ ਹੈ।

ਅਜਿਹੇ ਸਮੇਂ ਵਿੱਚ, ਜਿੱਥੇ ਕਈ ਲੋਕ ਆਤੰਕਵਾਦ ਅਤੇ ਅੱਤਵਾਦ ਦੇ ਵਧਣ ਨਾਲ ਚਿੰਤਿਤ ਹੋ ਗਏ ਹਨ, ਲੋਕਤੰਤਰ, ਅਵਸਰਾਂ, ਅਤੇ ਸਾਡੀਆਂ ਸਾਂਝੀਆਂ ਕਦਰਾਂ ਪ੍ਰਤੀ ਸਾਡੀ ਅਟਲ ਵਚਨਬੱਧਤਾ ਦੀ ਪੁਸ਼ਟੀ ਕਰਨ ਦਾ ਕੋਈ ਹੋਰ ਬਿਹਤਰ ਸਮਾਂ ਨਹੀਂ ਹੈ।

ਔਸਟ੍ਰੇਲੀਆਈ ਸਰਕਾਰ ਸਾਡੇ ਦੇਸ਼ ਦੀ ਸੁਰੱਖਿਆ ਅਤੇ ਸਾਡੇ ਲੋਕਾਂ ਦੀ ਅਜ਼ਾਦੀ ਪ੍ਰਤੀ ਵਚਨਬੱਧ ਹੈ। ਸਾਡੇ ਬਿਆਨ *ਬਹੁ-ਸਭਿਆਚਾਰਕ ਔਸਟ੍ਰੇਲੀਆ – ਇੱਕਮੁੱਠ, ਮਜ਼ਬੂਤ, ਕਾਮਯਾਬ* ਵਿੱਚ, ਸਰਕਾਰ ਉਨ੍ਹਾਂ ਕਦਰਾਂ ਨੂੰ ਨਿਰਧਾਰਤ ਕਰਦੀ ਹੈ ਜਿਨ੍ਹਾਂ ਨੇ ਪਹਿਲਾਂ ਸਾਡੀ ਸਫਲਤਾ ਦਾ ਸੰਚਾਲਨ ਕੀਤਾ ਹੈ ਅਤੇ ਜੋ ਸਾਨੂੰ ਭਵਿੱਖ ਵਿੱਚ ਉੱਨਤੀ ਕਰਨ ਵਿੱਚ ਮਦਦ ਦੇਣਗੀਆਂ।


ਇਹ ਬਿਆਨ ਇਸ ਗੱਲ ਦੀ ਪਛਾਣ ਕਰਦਾ ਹੈ ਕਿ ਸਭਿਆਚਾਰਕ ਵਿਭਿੰਨਤਾ ਸਾਡੀ ਸਭ ਤੋਂ ਵੱਡੀਆਂ ਸਮਰੱਥਾਵਾਂ ਵਿੱਚੋਂ ਇੱਕ ਹੈ; ਇੱਕ ਅਜਿਹੀ ਸਮਰੱਥਾ ਜੋ ਸਾਨੂੰ ਇੱਕ ਅਜਿਹੇ ਭਵਿੱਖ ਦੀ ਉਸਾਰੀ ਕਰਨ ਯੋਗ ਬਣਾਉਂਦੀ ਹੈ ਜਿਸ ਵਿੱਚ ਹਰ ਕੋਈ ਅਪਨਾਪਣ ਮਹਿਸੂਸ ਕਰਦਾ ਹੈ ਅਤੇ ਜਿਸ ਵਿੱਚ ਹਰ ਕਿਸੇ ਨੂੰ ਇੱਕ ਵਧੀਆ ਜੀਵਨ ਜੀਓਣ ਦਾ ਅਵਸਰ ਪ੍ਰਾਪਤ ਹੈ। ਇਹ ਸਾਡੇ ਲੋਕਤੰਤਰੀ ਸੰਸਥਾਨਾਂ ਦੀ ਕੇਂਦਰੀਤਾ ਅਤੇ ਕਨੂੰਨ ਦੇ ਨਿਯਮ ਨੂੰ ਬਣਾਏ ਰੱਖਦਾ ਹੈ, ਇਹ ਸਾਡੀ ਰਾਸ਼ਟਰੀ ਪਛਾਣ ਵਿੱਚ ਨਾਗਰਿਕਤਾ ਦੀ ਮਹੱਤਤਾ ਨੂੰ ਵਿਸ਼ੇਸ਼ ਰੂਪ ਨਾਲ ਦਰਸਾਉਂਦਾ ਹੈ, ਅਤੇ ਇਹ ਸਾਡੇ ਸਾਥੀ ਔਸਟ੍ਰੇਲੀਆ ਦੇ ਲੋਕਾਂ ਦਾ ਸਨਮਾਨ ਕਰਨ ਦੀ ਸਾਡੇ ਸਾਰਿਆਂ ਦੀ ਜ਼ਿੰਮੇਦਾਰੀ ਨੂੰ ਸਪੱਸ਼ਟ ਕਰਦਾ ਹੈ।

ਇਹ ਬਿਆਨ ਇੱਕ ਅਜਿਹੀ ਨੀਂਹ ਹੈ ਜਿਸ ਉੱਤੇ ਅਸੀ ਆਪਣੇ ਬਹੁ-ਸਭਿਆਚਾਰਕ ਸਮਾਜ ਦੀ ਵੱਧ ਉਸਾਰੀ ਕਰ ਸੱਕਦੇ ਹਾਂ ਅਤੇ ਅਸੀ ਅਜ਼ਾਦੀ ਅਤੇ ਖੁਸ਼ਹਾਲੀ ਪਾਉਣ ਦੀ ਅਥਾਹ ਕੋਸ਼ਿਸ਼ ਵਿੱਚ ਸਾਰੇ ਔਸਟ੍ਰੇਲੀਆ ਦੇ ਲੋਕਾਂ ਨਾਲ ਕੰਮ ਕਰਨ ਦੀ ਖੁਸ਼ੀ ਨਾਲ ਉਡੀਕ ਕਰਦੇ ਹਾਂ।



ਮਾਣਯੋਗ **Christian Porter MP**

Minister for Social Services



ਸੀਨੇਟਰ ਮਾਣਯੋਗ **Zed Seselja**

Assistant Minister for Social Services and Multicultural Affairs

## *ਬਹੁ-ਸਭਿਆਚਾਰਕ ਔਸਟ੍ਰੇਲੀਆ – ਇੱਕਮੁੱਠ, ਮਜ਼ਬੂਤ, ਕਾਮਯਾਬ*

### ਸਾਡੀ ਸਾਂਝੀ ਕਹਾਣੀ

ਔਸਟ੍ਰੇਲੀਆ ਦੁਨੀਆ ਵਿੱਚ ਸਭ ਤੋਂ ਕਾਮਯਾਬ ਬਹੁ-ਸਭਿਆਚਾਰਕ ਸਮਾਜ ਹੈ, ਜਿਸ ਵਿੱਚ ਕਈ ਸਭਿਆਚਾਰ, ਮਹਾਰਤਾਂ, ਵਿਚਾਰਧਾਰਾਵਾਂ, ਅਤੇ ਪਰੰਪਰਾਵਾਂ ਇੱਕਜੁਟ ਹਨ। ਅਸੀ ਇੱਕ ਰਾਸ਼ਟਰ ਦੇ ਤੌਰ ਤੇ ਆਪਣੀ ਉਪਲੱਬਧੀਆਂ ਲਈ 300 ਤੋਂ ਵੱਧ ਵੱਖ-ਵੱਖ ਵੰਸ਼ਾਂ ਦੇ ਯੋਗਦਾਨਾਂ ਲਈ ਉਨ੍ਹਾਂ ਦੇ ਅਹਿਸਾਨਮੰਦ ਹਨ – ਇਨ੍ਹਾਂ ਵੰਸ਼ਾਂ ਵਿੱਚ ਸਭ ਤੋਂ ਪਹਿਲੇ ਔਸਟ੍ਰੇਲੀਆ ਦੇ ਲੋਕਾਂ (ਦੇਸੀ ਔਸਟ੍ਰੇਲੀਆਈ ਲੋਕਾਂ) ਤੋਂ ਲੈ ਕੇ ਸਭ ਤੋਂ ਨਵੇਂ ਆਵਾਸੀ ਸ਼ਾਮਿਲ ਹਨ।

ਸਾਡੇ ਸਫਲ ਹੋਣ ਵਿੱਚ ਸਾਡੀ ਸਭਿਆਚਾਰਕ ਵਿਭਿੰਨਤਾ ਦਾ ਵੀ ਯੋਗਦਾਨ ਹੈ ਜਿਸਨੂੰ ਸਾਡੀਆਂ ਸਮਾਨ ਕਦਰਾਂ-ਕੀਮਤਾਂ ਅਤੇ ਅਜ਼ਾਦੀ, ਸੁਰੱਖਿਆ, ਅਤੇ ਖੁਸ਼ਹਾਲੀ ਪ੍ਰਤੀ ਸਾਡੀ ਵਚਨਬੱਧਤਾ ਮਜਬੂਤ ਕਰਦੀ ਹੈ।

ਧਰਤੀ ਉੱਤੇ ਸਭ ਤੋਂ ਉੱਤਰਜੀਵੀ ਸਭਿਆਚਾਰ ਨਾਲ ਸੰਬੰਧਿਤ ਏਬੋਰਿਜਨਲ ਅਤੇ ਟੋਰਸ ਸਟਰੇਟ ਦੀਪਵਾਸੀ ਲੋਕ ਅਤੇ ਇੱਥੇ ਨਵਾਂ ਜੀਵਨ ਸ਼ੁਰੂ ਕਰਨ ਦਾ ਫੈਸਲਾ ਲੈਣ ਵਾਲੇ ਲੱਖਾਂ ਲੋਕ ਸਾਡੇ ਦੇਸ਼ ਨੂੰ ਖੁਸ਼ਹਾਲ ਬਣਾਉਂਦੇ ਹਨ।

50,000 ਤੋਂ ਵੱਧ ਸਾਲਾਂ ਤੋਂ ਸਭ ਤੋਂ ਪਹਿਲੇ ਔਸਟ੍ਰੇਲੀਆਈ ਲੋਕ (ਦੇਸੀ ਔਸਟ੍ਰੇਲੀਆਈ ਲੋਕ) ਇਸ ਭੂਮੀ ਉੱਤੇ ਰਹਿੰਦੇ, ਸਿੱਖਦੇ, ਇਸਦੇ ਅਨੁਕੂਲ ਬਣਦੇ ਅਤੇ ਇੱਥੇ ਗੁਜ਼ਾਰਾ ਕਰਦੇ ਆਏ ਹਨ ਜਿਸਨੂੰ ਹੁਣ ਅਸੀ ਔਸਟ੍ਰੇਲੀਆ ਦੇ ਨਾਮ ਨਾਲ ਜਾਣਦੇ ਹਾਂ। ਨਾਲ ਹੀ ਇੱਥੇ ਰਹਿੰਦੇ ਹੋਏ, ਇਹਨਾਂ ਵਿੱਚ ਪੂਰੇ ਮਹਾਦੀਪ ਵਿੱਚ 250 ਤੋਂ ਵੱਧ ਜਿਆਦਾ ਭਾਸ਼ਾਈ ਸਮੂਹ ਜਾਂ 'ਰਾਸ਼ਟਰ' ਸ਼ਾਮਿਲ ਸਨ, ਅਤੇ ਇਹਨਾਂ ਵਿਚੋਂ ਹਰ ਇੱਕ ਦਾ ਸਭਿਆਚਾਰ, ਵਿਚਾਰਧਾਰਾ ਅਤੇ ਉਪਭਾਸ਼ਾ ਅਲਗ ਸੀ। ਇਨ੍ਹਾਂ ਰਾਸ਼ਟਰਾਂ ਦੇ ਵੰਸ਼ਜ ਧਰਤੀ ਉੱਤੇ ਸਭ ਤੋਂ ਉੱਤਰਜੀਵੀ ਸਭਿਆਚਾਰ ਨੂੰ ਦਰਸਾਉਂਦੇ ਹਨ ਅਤੇ ਇਨ੍ਹਾਂ ਦੇ ਸਮੇਂ ਅਤੇ ਸਥਾਨ ਦੀਆਂ ਕਹਾਣੀਆਂ ਕਿਸੇ ਹੋਰ ਲੋਕਾਂ ਦੀ ਯਾਦਦਾਸ਼ਤ ਤੋਂ ਵੀ ਪਰੇ ਹਨ।

ਇਹ ਕਹਾਣੀ ਬ੍ਰਿਟਿਸ਼ ਅਤੇ ਆਇਰਿਸ਼ ਉਪਨਿਵੇਸ਼ ਅਤੇ ਸਾਡੀ ਸੰਸਦੀ ਲੋਕਤੰਤਰਤਾ, ਸੰਸਥਾਨਾਂ ਅਤੇ ਕਨੂੰਨ ਦੀ ਸਥਾਪਨਾ ਦੇ ਮਾਧਿਅਮ ਰਾਹੀਂ ਆਧੁਨਿਕ ਔਸਟ੍ਰੇਲੀਆ ਦੀ ਨੀਂਹ ਰੱਖੇ ਜਾਣ ਤੱਕ ਜਾਰੀ ਰਹਿੰਦੀ ਹੈ। ਸਮੇਂ ਦੇ ਨਾਲ-ਨਾਲ, ਸਾਡੀ ਕਹਾਣੀ ਵਿੱਚ ਅੱਗੇ ਚਲਕੇ ਸਾਰੇ ਮਹਾਦੀਪਾਂ ਤੋਂ ਆਉਣ ਵਾਲੇ ਲੱਖਾਂ ਲੋਕ ਸ਼ਾਮਿਲ ਹੋਏ ਹਨ ਜਿਨ੍ਹਾਂ ਨੇ ਔਸਟ੍ਰੇਲੀਆ ਨੂੰ ਆਪਣਾ ਘਰ ਬਣਾਇਆ ਹੈ।

ਅੱਜ, ਔਸਟ੍ਰੇਲੀਆ ਦੇ ਲੋਕ ਉਨ੍ਹਾਂ ਲੋਕਾਂ ਦਾ ਸਵਾਗਤ ਕਰਦੇ ਹਨ ਜਿਨ੍ਹਾਂ ਨੇ ਸਾਡੇ ਸੁਤੰਤਰ ਅਤੇ ਖੁੱਲੇ ਸਮਾਜ ਦਾ ਹਿੱਸਾ ਬਨਣ, ਆਪਣਾ ਜੀਵਨ ਬਣਾਉਣ ਅਤੇ ਸਾਡੇ ਦੇਸ਼ ਵਿੱਚ ਯੋਗਦਾਨ ਦੇਣ ਲਈ ਇੱਥੇ ਪ੍ਰਵਾਸ ਕੀਤਾ ਹੈ।

ਸਮੇਂ ਦੇ ਨਾਲ-ਨਾਲ, ਇਸ ਤਰ੍ਹਾਂ ਦੇ ਕਈ ਲੋਕਾਂ ਦੇ ਇੱਕਜੁਟ ਹੋਣ ਨਾਲ ਸਾਡੀ ਮੁੱਢਲੀਆਂ-ਸਹੂਲਤਾਂ ਦੀ ਉਸਾਰੀ ਕਰਨ, ਸਾਡੇ ਭਾਈਚਾਰਿਆਂ ਨੂੰ ਉਤਸਾਹੀ ਬਣਾਉਣ, ਸਾਡੇ ਸਭਿਆਚਾਰਕ ਤਜਰਬਿਆਂ ਨੂੰ ਅੱਗੇ ਵਧਾਉਣ, ਸਾਡੇ ਅਵਸਰਾਂ ਨੂੰ ਵਧਾਉਣ ਅਤੇ ਸਭ ਤੋਂ ਮਹੱਤਵਪੂਰਣ ਤੌਰ ਤੇ ਦੁਨੀਆਂ ਪ੍ਰਤੀ ਸਾਡੇ ਨਜ਼ਰੀਏ ਅਤੇ ਸੰਬੰਧਾਂ ਦਾ ਵਿਸਤਾਰ ਕਰਨ ਵਿੱਚ ਮਦਦ ਮਿਲੀ ਹੈ।

ਸਰਕਾਰ, ਭਾਈਚਾਰੇ ਅਤੇ ਵਿਅਕਤੀ – ਉਸਦੀ ਕੌਮੀਅਤ ਉੱਤੇ ਧਿਆਨ ਨਾ ਦਿੰਦੇ ਹੋਏ – ਵਿੱਚਕਾਰ ਆਪਸੀ ਫਰਜ਼ਾਂ ਦੀ ਉਸਾਰੀ ਕਰਨ ਨਾਲ ਸਾਡੀ ਅਨੁਕੂਲਤਾ ਅਤੇ ਆਪਣੇਪਨ ਦੀ ਭਾਵਨਾ ਮਜ਼ਬੂਤ ਹੁੰਦੀ ਹੈ।

ਸਾਡੀਆਂ ਸਾਂਝੀਆਂ ਕਦਰਾਂ-ਕੀਮਤਾਂ, ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨਾਲ ਅਸੀ ਮਿਲੇ ਵਰਤਮਾਨ ਸਮੇਂ ਦੇ ਆਧੁਨਿਕ ਅਤੇ ਖੁਸ਼ਹਾਲ ਔਸਟ੍ਰੇਲੀਆ ਦਾ ਨਿਰਮਾਣ ਕੀਤਾ ਹੈ।

**ਸਾਂਝੀਆਂ ਕਦਰਾਂ-ਕੀਮਤਾਂ**

ਸਾਡੀਆਂ ਕਦਰਾਂ ਸਾਨੂੰ ਇੱਕਜੁਟ ਕਰਦੀਆਂ ਹਨ ਅਤੇ ਸਾਡੇ ਵਿੱਚ ਸਾਮਾਜਕ ਬੰਧਨਾਂ ਦੀ ਉਸਾਰੀ ਕਰਦੀਆਂ ਹਨ। ਇਹ ਸਾਡੇ ਸਮਾਜ ਲਈ ਇੱਕ ਨੀਂਹ ਅਤੇ ਸਾਂਝਾ ਭਵਿੱਖ ਪ੍ਰਦਾਨ ਕਰਦੀਆਂ ਹਨ ਜਿਸ ਵਿੱਚ ਹਰ ਕੋਈ ਅਪਣਾਪਨ ਮਹਿਸੂਸ ਕਰਦਾ ਹੈ। ਸਾਡੀਆਂ ਕਦਰਾਂ-ਕੀਮਤਾਂ ਇਨ੍ਹਾਂ ਤੇ ਆਧਾਰਿਤ ਹਨ:

***ਸਨਮਾਨ***

ਅਸੀ ਕਨੂੰਨ ਦੇ ਨਿਯਮ ਅਤੇ ਔਸਟ੍ਰੇਲੀਆ ਪ੍ਰਤੀ ਨਿਸ਼ਠਾ ਦਾ ਸਨਮਾਨ ਕਰਦੇ ਹਨ ਅਤੇ ਇਸਦੇ ਲਈ ਵਚਨਬੱਧ ਹਾਂ।

ਅਸੀ ਸਾਰੇ ਵਿਅਕਤੀਆਂ ਦੀ ਸੁਤੰਤਰਤਾ ਅਤੇ ਇੱਜ਼ਤ ਦਾ ਸਨਮਾਨ ਕਰਦੇ ਹਾਂ।

ਅਸੀ ਆਪਣੀ ਵਿਭਿੰਨਤਾ ਦਾ ਸਨਮਾਨ ਕਰਦੇ ਹਾਂ ਅਤੇ ਆਪਸੀ ਸਨਮਾਨ, ਸਮਾਵੇਸ਼, ਨਿਰਪੱਖਤਾ ਅਤੇ ਦਇਆ ਨੂੰ ਅਪਣਾਉਂਦੇ ਹਾਂ।

***ਸਮਾਨਤਾ***

ਅਸੀ ਪੁਰਸ਼ਾਂ ਅਤੇ ਔਰਤਾਂ ਦੀ ਸਮਾਨਤਾ ਦਾ ਸਮਰਥਨ ਕਰਦੇ ਹਾਂ।

ਅਸੀ ਕਨੂੰਨ ਅੱਗੇ ਸਮਾਨਤਾ ਵਿੱਚ ਯਕੀਨ ਰੱਖਦੇ ਹਾਂ।

ਅਸੀ ਸਾਰੀਆਂ ਲਈ ਅਵਸਰ ਦੀ ਸਮਾਨਤਾ ਵਿੱਚ ਯਕੀਨ ਰੱਖਦੇ ਹਾਂ।

***ਸੁਤੰਤਰਤਾ***

ਸੁਤੰਤਰਤਾ ਪ੍ਰਤੀ ਸਾਡੀ ਵਚਨਬੱਧਤਾ ਬੁਨਿਆਦੀ ਹੈ।

ਅਸੀ ਵਿਚਾਰ, ਬੋਲਣ, ਧਰਮ, ਉੱਦਮ, ਅਤੇ ਭਾਈਵਾਲੀ ਦੀ ਸੁਤੰਤਰਤਾ ਦਾ ਸਮਰਥਨ ਕਰਦੇ ਹਾਂ।

ਅਸੀ ਸੰਸਦੀ ਲੋਕਤੰਤਰ ਪ੍ਰਤੀ ਵਚਨਬੱਧ ਹਾਂ।

ਅਸੀ ਆਪਣੇ ਨਾਗਰਿਕੀ ਫਰਜ਼ਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਲੈਂਦੇ ਹਾਂ।

ਸਾਡੀਆਂ ਕਦਰਾਂ-ਕੀਮਤਾਂ ਨੂੰ ਕਮਜ਼ੋਰ ਬਣਾਉਣ ਵਾਲੇ ਅਭਿਆਸਾਂ ਅਤੇ ਵਿਹਾਰਾਂ ਦੀ ਔਸਟ੍ਰੇਲੀਆ ਵਿੱਚ ਕੋਈ ਥਾਂ ਨਹੀਂ ਹੈ।

ਅਸੀ ਸਾਰੇ ਆਪਣੇ ਦੇਸ਼ ਦੀ ਆਰਥਕ ਕਾਮਯਾਬੀ, ਸਭਿਆਚਾਰਕ ਅਤੇ ਧਾਰਮਿਕ ਅਜ਼ਾਦੀ, ਅਤੇ ਵਿਭਿੰਨਤਾ ਤੋਂ ਲਾਭ ਲੈਂਦੇ ਹਾਂ। ਸਾਡਆਂ ਸਮਾਨ ਕਦਰਾਂ-ਕੀਮਤਾਂ ਪ੍ਰਤੀ ਮਜ਼ਬੂਤ ਵਚਨਬੱਧਤਾ ਨੂੰ ਬਣਾਏ ਰੱਖਣਾ ਔਸਟ੍ਰੇਲੀਆ ਦੇ ਲੋਕਾਂ ਦੇ ਸਭ ਤੋਂ ਉੱਤਮ ਹਿੱਤ ਵਿੱਚ ਹੈ।

**ਸਾਂਝੇ ਅਧਿਕਾਰ ਅਤੇ ਸਾਂਝੀਆਂ ਜ਼ਿੰਮਵਾਰੀਆਂ**

ਅਸੀ ਆਪਸੀ ਸਨਮਾਨ ਅਤੇ ਆਪਸੀ ਜ਼ਿੰਮੇਦਾਰੀ ਦੀ ਪਛਾਣ ਕਰਦੇ ਹਾਂ। ਇੱਕ ਬਹੁ-ਸਭਿਆਚਾਰਕ ਸਮਾਜ ਦੇ ਤੌਰ ਤੇ ਸਾਡੀ ਕਾਮਯਾਬੀ ਉਨ੍ਹਾਂ ਅਧਿਕਾਰਾਂ ਅਤੇ ਜ਼ਿੰਮੇਦਾਰੀਆਂ ਵਿੱਚ ਸੰਤੁਲਨ ਕਰਕੇ ਹੈ ਜੋ ਇੱਕ ਅਜਿਹੀ ਸਥਿਰ, ਉਫਲਵੇਂ ਅਤੇ

ਏਕਤਾਪੂਰਵਕ ਸਮਾਜ ਨੂੰ ਯਕੀਨੀ ਬਣਾਉਂਦੀ ਹੈ ਜਿੱਥੇ ਅਸੀ ਹਰ ਕਿਸੇ ਨੂੰ ਆਪਣੀ ਖੁਸ਼ਹਾਲੀ ਵਿੱਚ ਯੋਗਦਾਨ ਦੇਣ ਅਤੇ ਇਸਤੋਂ ਲਾਭ ਲੈਣ ਦਾ ਮੌਕਾ ਦਿੰਦੇ ਹਾਂ।

ਸਾਡਾ ਸਮਾਜ ਇੱਕ ਉਦਾਰ- ਲੋਕਤੰਤਰੀ ਪਰੰਪਰਾ ਉੱਤੇ ਆਧਾਰਿਤ ਹੈ ਜਿਸ ਵਿੱਚ ਹਰ ਕਿਸੇ ਦੇ ਬੁਨਿਆਦੀ ਅਧਿਕਾਰ ਅਟੁੱਟ ਹੁੰਦੇ ਹਨ।

ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ ਅਤੇ, ਔਸਟ੍ਰੇਲੀਅਨ ਸਿਟੀਜਨਸ਼ਿਪ ਸੇਰੇਮਨੀ ਦੇ ਭਾਗ ਦੇ ਤੌਰ ਤੇ, ਨਵੇਂ ਨਾਗਰਿਕ *'ਔਸਟ੍ਰੇਲੀਆ ਅਤੇ ਇਸਦੇ ਲੋਕਾਂ ਪ੍ਰਤੀ ਵਫਾਦਾਰੀ, ਇਸਦੀਆਂ ਲੋਕਤੰਤਰੀ ਵਿਚਾਰਧਾਰਾਵਾਂ ਨੂੰ ਸਾਂਝਾ ਕਰਨ, ਇਸਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਸਨਮਾਨ ਕਰਨ, ਅਤੇ ਇਸਦੇ ਕਾਨੂੰਨਾਂ ਦਾ ਸਮਰਥਨ ਅਤੇ ਪਾਲਣ ਕਰਨ'* ਦੀ ਸਹੁੰ ਖਾਂਦੇ ਹਨ ਅਤੇ ਇਸਦੀ ਪੁਸ਼ਟੀ ਕਰਦੇ ਹਨ।

ਔਸਟ੍ਰੇਲੀਆ ਦੇ ਲੋਕ ਉਚਿਤ ਰੂਪ ਨਾਲ ਇਹ ਉਮੀਦ ਕਰਦੇ ਹਨ ਕਿ ਸਾਡੇ ਦੇਸ਼ ਵਿੱਚ ਜੋ ਕੋਈ ਵੀ ਰਹਿੰਦਾ ਹੈ, ਚਾਹੇ ਉਹ ਔਸਟ੍ਰੇਲੀਆ ਦੇ ਨਾਗਰਿਕ ਹੈ ਜਾਂ ਨਹੀਂ, ਔਸਟ੍ਰੇਲੀਆ ਦੇ ਕਾਨੂੰਨਾਂ ਦਾ ਪਾਲਣ ਕਰਦਾ ਹੈ, ਸਾਡੀ ਲੋਕਤੰਤਰੀ ਪ੍ਰਕ੍ਰਿਆ ਦਾ ਸਮਰਥਨ ਕਰਦਾ ਹੈ, ਅਤੇ ਸਾਰੇ ਲੋਕਾਂ ਨਾਲ ਸਨਮਾਨ ਅਤੇ ਇੱਜ਼ਤ ਨਾਲ ਵਿਹਾਰ ਕਰਦਾ ਹੈ।

**ਸੁਰੱਖਿਅਤ ਅਤੇ ਮਹਿਫੂਜ਼ ਔਸਟ੍ਰੇਲੀਆ**

ਵਿਭਿੰਨ ਅਤੇ ਏਕਤਾਪੂਰਵਕ ਔਸਟ੍ਰੇਲੀਆ ਨੂੰ ਮਜਬੂਤ ਬਣਾਉਣਾ ਸਾਡੇ ਦੇਸ਼ ਦੀ ਸੁਰੱਖਿਆ ਕਰਨਾ ਹੈ। ਔਸਟ੍ਰੇਲੀਆਈ ਸਰਕਾਰ ਸਾਰੇ ਔਸਟ੍ਰੇਲੀਆ ਦ ਲੋਕਾਂ ਦੀ ਸੁਰੱਖਿਆ ਅਤੇ ਹਿਫਾਜ਼ਤ ਨੂੰ ਸਭ ਤੋਂ ਜਿਆਦਾ ਪ੍ਰਾਥਮਿਕਤਾ ਦਿੰਦੀ ਹੈ। ਦੁਨੀਆ ਭਰ ਵਿੱਚ ਹਾਲ ਹੀ ਵਿੱਚ ਹੋਏ ਅੱਤਵਾਦੀ ਹਮਲੇ ਸਮੁਚਿਤ ਕਾਰਨਾ ਤੋਂ ਔਸਟ੍ਰੇਲੀਆ ਦੇ ਭਾਈਚਾਰੇ ਵਿੱਚ ਚਿੰਤਾ ਪੈਦਾ ਕਰਦੇ ਹਨ।

ਆਤੰਕਵਾਦ-ਵਿਰੋਧੀ ਮਜਬੂਤ ਸਰਹਦਾਂ, ਅਤੇ ਮਜ਼ਬੂਤ ਰਾਸ਼ਟਰੀ ਸੁਰੱਖਿਆ ਤੇ ਨਿਵੇਸ਼ ਕਰਨਾ ਜਾਰੀ ਰੱਖਕੇ ਸਰਕਾਰ ਇਸ ਧਮਕੀਆਂ ਦਾ ਜਵਾਬ ਦੇ ਰਹੀ ਹੈ। ਇਸਤੋਂ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ ਕਿ ਔਸਟ੍ਰੇਲੀਆ ਇੱਕ ਖੁੱਲ੍ਹਾ, ਸਮਾਵੇਸ਼ੀ , ਸੁਤੰਤਰ, ਅਤੇ ਸੁਰੱਖਿਅਤ ਸਮਾਜ ਬਣਿਆ ਰਹਿੰਦਾ ਹੈ।

ਪਰ ਇਨ੍ਹਾਂ ਧਮਕੀਆਂ ਦੇ ਬਾਵਜੂਦ ਵੀ ਅਸੀ ਆਪਣੀਆਂ ਸਾਂਝੀਆਂ ਕਦਰਾਂ-ਕੀਮਤਾਂ ਅਤੇ ਰਾਸ਼ਟਰੀ ਇੱਕਜੁੱਟਤਾ ਨਾਲ ਸਮੱਝੌਤਾ ਨਹੀਂ ਕਰਦੇ ਹਾਂ। ਸਰਕਾਰ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਅਸੀਂ ਇੱਕਜੁਟ ਹੋਣ ਤੇ ਧਿਆਨ ਕੇਂਦਰਤ ਕਰਕੇ ਅਤੇ ਆਪਸੀ ਸਨਮਾਨ ਨਾਲ ਆਪਸੀ ਮਤਭੇਦਾਂ ਤੇ ਧਿਆਨ ਦੇ ਕੇ ਅਸੀ ਔਸਟ੍ਰੇਲੀਆਈ ਭਾਈਚਾਰੇ ਦੀ ਸੁਰੱਖਿਆ ਸਭ ਤੋਂ ਬਿਹਤਰ ਤਰੀਕੇ ਨਾਲ ਕਰੀਏ।

**ਭਵਿੱਖ ਲਈ ਸਾਂਝਾ ਉਦੇਸ਼**

ਔਸਟ੍ਰੇਲੀਆ ਸਾਡੇ ਦੇਸ਼ ਅਤੇ ਸਾਡੇ ਲੋਕਤੰਤਰੀ ਸੰਸਥਾਨਾਂ ਅਤੇ ਕਦਰਾਂ-ਕੀਮਤਾਂ ਪ੍ਰਤੀ ਇੱਕ ਸਾਂਝੀ ਵਚਨਬੱਧਤਾ ਦੁਆਰਾ ਇੱਕਜੁਟ ਹੈ। ਸਾਨੂੰ ਸਾਰਿਆਂ ਨੂੰ ਪ੍ਰਵਾਨਗੀ ਅਤੇ ਸਮਝਬੂਝ ਦਾ ਪ੍ਰਸਾਰ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ ਕਿ ਸਾਡਾ ਸਮਾਜ ਸੁਰੱਖਿਅਤ, ਸ਼ਕਤੀਸ਼ਾਲੀ, ਅਤੇ ਏਕਤਾਪੂਰਵਕ ਬਣਿਆ ਰਹੇ।

ਇਸ ਬਿਆਨ ਵਿੱਚ, ਸਰਕਾਰ ਆਪਸੀ ਸਨਮਾਨ ਦੇ ਸਿਧਾਂਤ ਦਾ ਪ੍ਰਸਾਰ ਕਰਨਾ ਜਾਰੀ ਰੱਖਦੀ ਹੈ ਅਤੇ ਨਸਲੀ ਨਫ਼ਰਤ ਅਤੇ ਭੇਦਭਾਵ ਦੀ ਨਿੰਦਾ ਕਰਦੇ ਹੋਏ ਇਨ੍ਹਾਂ ਨੂੰ ਔਸਟ੍ਰੇਲੀਆ ਦੇ ਸਮਾਜ ਲਈ ਅਯੋਗ ਦੱਸਦੀ ਹੈ।

ਇਹ ਦੂਜੀਆਂ ਸਰਕਾਰੀ ਨੀਤੀਆਂ ਅਤੇ ਪ੍ਰੋਗ੍ਰਾਮਾਂ ਨੂੰ ਪੂਰਾ ਕਰਦਾ ਹੈ, ਜੋ ਕਈ ਭਾਈਚਾਰਕ ਅਤੇ ਵਲੰਟੀਅਰ ਗਤੀਵਿਧੀਆਂ ਨਾਲ, ਸਾਡੀ ਇੱਕਜੁਟਤਾ ਨੂੰ ਪ੍ਰੇਰਿਤ ਕਰਦੀਆਂ ਹਨ, ਇਨ੍ਹਾਂ ਦਾ ਸਮਰਥਨ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਸਥਿਰ ਬਣਾਏ ਰੱਖਦੀਆਂ ਹਨ। ਉਦਾਹਰਨ ਵਜੋਂ:

- ਬਾਲਗ ਪ੍ਰਵਾਸੀ ਅੰਗ੍ਰਜ਼ੀ ਪ੍ਰੋਗ੍ਰਾਮ (Adult Migrant English Program) ਯੋਗ ਪ੍ਰਵਾਸਿਆਂ ਅਤੇ ਮਾਨਵੀ ਦਾਖਲਕਾਰਾਂ ਦੀਆਂ ਬੁਨਿਆਦੀ ਅੰਗ੍ਰੇਜ਼ੀ ਭਾਸ਼ਾ ਅਤੇ ਬਸੇਰੇ ਸੰਬੰਧੀ ਹੁਨਰ ਸਿੱਖਣ ਵਿੱਚ ਮਦਦ ਦਿੰਦਾ ਹੈ ਤਾਂਜੋ ਉਹ ਔਸਟ੍ਰੇਲੀਆ ਦੇ ਸਮਾਜ ਵਿੱਚ ਸਮਾਜਕ ਅਤੇ ਆਰਥਕ ਰੂਪ ਨਾਲ ਭਾਗ ਲੈ ਸਕਣ।
- ਸਰਕਾਰ ਦੀ ਬਹੁ-ਸਭਿਆਚਾਰਕ ਪਹੁੰਚ ਅਤੇ ਨਿਆਂ ਨੀਤੀ ਇਹ ਯਕੀਨੀ ਬਣਾਉਂਦੀ ਹੈ ਕਿ ਪ੍ਰੋਗ੍ਰਾਮ ਅਤੇ ਸੇਵਾਵਾਂ ਸਾਰੇ ਔਸਟ੍ਰੇਲੀਆ ਦੇ ਲੋਕਾਂ ਦੀਆਂ ਲੋੜਾਂ ਪੂਰਆਂ ਕਰਦੇ ਹਨ, ਭਾਵੇਂ ਉਹ ਕਿਸੇ ਵੀ ਸਭਿਆਚਾਰਕ ਅਤੇ ਭਾਸ਼ਾਈ ਪਿਛੋਕੜ ਨਾਲ ਸੰਬੰਧਤ ਹੋਣ।
- ਨਾਗਰਿਕਤਾ ਲਈ ਮਾਰਗ ਨਵੇਂ ਪ੍ਰਵਾਸਆਂ ਨੂੰ ਨਾਗਰਿਕ ਸਮਾਜ ਦੇ ਪੂਰਨ ਅਤੇ ਕਿਰਿਆਸ਼ੀਲ ਸਾਂਝੇਦਾਰ ਬਣਨ ਦਾ ਮੌਕਾ ਦਿੰਦੇ ਹਨ।
- ਸਰਕਾਰ ਰੇਡੀਓ, ਪ੍ਰਿੰਟ, ਆਨਲਾਇਨ ਅਤੇ ਟੇਲੀਵਿਜ਼ਨ ਦੇ ਮਾਧਿਅਮ ਰਾਹੀਂ ਮਜ਼ਬੂਤ ਅਤੇ ਵਿਭਿੰਨ ਬਹੁ-ਸਭਿਆਚਾਰਕ ਮੀਡੀਏ ਦਾ ਸਮਰਥਨ ਕਰਦੀ ਹੈ।
- ਸਦਭਾਵਨਾ ਦਿਵਸ (Harmony Day) ਦੀ ਸਥਾਪਨਾ 1999 ਵਿੱਚ ਕੀਤੀ ਗਈ ਸੀ ਅਤੇ ਹੁਣ ਹਰ ਸਾਲ ਹਜਾਰਾਂ ਲੋਕ ਇਸਦਾ ਜਸ਼ਨ ਮਨਾਉਂਦੇ ਹਨ, ਅਤੇ ਹਰ ਕਿਸੇ ਲਈ ਸੰਪੂਰਨਤਾ, ਸਨਮਾਨ ਅਤੇ ਆਪਨੇਪਣ ਦਾ ਸੰਦੇਸ਼ ਫੈਲਾਉਂਦੇ ਹਨ।
- ਔਸਟ੍ਰੇਲੀਅਨ ਮਲਟੀਕਲਚਰਲ ਕੌਂਸਲ ਮੁੱਖ ਸਲਾਹਕਾਰੀ ਸੰਸਥਾ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਸਰਕਾਰ ਨੂੰ ਠੋਸ ਅਤੇ ਸੁਤੰਤਰ ਸਲਾਹ ਦਿੰਦੀ ਹੈ।

ਔਸਟ੍ਰੇਲੀਆ ਦੇ ਲੋਕ ਸਾਡੀ ਏਕਤਾ ਅਤੇ ਖੁਸ਼ਹਾਲੀ ਨੂੰ ਗੰਭੀਰਤਾ ਨਾਲ ਲੈਂਦੇ ਹਨ। ਇੱਕਠੇ ਹੋਕੇ – ਵਿਅਕਤੀਆਂ, ਸਮੂਹਾਂ ਅਤੇ ਸਰਕਾਰ ਦੇ ਸਾਰੇ ਪੱਧਰਾਂ ਦੇ ਤੌਰ ਤੇ – ਅਸੀ ਵੱਧ ਮਜਬੂਤ, ਵੱਧ ਸਭਿਆਚਾਰਕ ਅਤੇ ਖੁਸ਼ਹਾਲ ਭਾਈਚਾਰਿਆਂ ਦੀ ਉਸਾਰੀ ਕਰਨਾ ਜਾਰੀ ਰੱਖਾਂਗੇ, ਜਿਸਦਾ ਮਾਰਗ-ਦਰਸ਼ਨ ਸਾਡੀਆਂ ਸਾਂਝੀਆਂ ਕਦਰਾਂ ਅਤੇ ਹੇਠਾਂ ਦਿੱਤੇ ਕਾਰਜਨੀਤਿਕ ਨਿਰਦੇਸ਼ ਕਰਨਗੇ।

## ਨਵੇਂ ਆਉਣ ਵਾਲੇ ਲੋਕਾਂ ਦੀ ਆਰਥਕ ਅਤੇ ਸਮਾਜਕ ਸਾਂਝੇਦਾਰੀ ਨੂੰ ਉਤਸ਼ਾਹ ਦੇਣਾ

ਔਸਟ੍ਰੇਲੀਆ ਦੀ ਸਮਾਜਕ ਅਤੇ ਆਰਥਕ ਉਸਾਰੀ ਵਿੱਚ ਪ੍ਰਵਾਸੀਆਂ ਦੇ ਯੋਗਦਾਨ ਦਾ ਵੱਡਾ ਇਤਹਾਸ ਹੈ। ਇਹ ਅੱਜ ਵੀ ਜਾਰੀ ਹੈ ਜਿੱਥੇ ਸਾਡਾ ਸਮਾਵੇਸ਼ੀ ਬਹੁ-ਸਭਿਆਚਾਰਕ ਸਮਾਜ ਨਵੇਂ ਪ੍ਰਵਾਸੀਆਂ ਨੂੰ ਸਾਡੇ ਦੇਸ਼ ਦੀ ਸਫਲਤਾ ਵਿੱਚ ਯੋਗਦਾਨ ਦੇਣ ਦੇ ਮੌਕੇ ਪ੍ਰਦਾਨ ਕਰਦਾ ਹੈ।

ਭਾਈਚਾਰਿਆਂ, ਸਕੂਲਾਂ, ਗੈਰ-ਲਾਭਕਾਰੀ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਨਿਯੋਕਤਾਵਾਂ ਅਤੇ ਸਰਕਾਰਾਂ ਦੀਆਂ ਕੋਸ਼ਿਸ਼ਾਂ ਲੋਕਾਂ ਨੂੰ ਔਸਟ੍ਰੇਲੀਆ ਦੇ ਸਮਾਜ ਵਿੱਚ ਸਕਾਰਾਤਮਕ ਰੂਪ ਨਾਲ ਯੋਗਦਾਨ ਦੇਣ ਦੇ ਮੌਕੇ ਪ੍ਰਦਾਨ ਕਰ ਰਹੀਆਂ ਹਨ।

ਔਸਟ੍ਰੇਲੀਆ ਪ੍ਰਵਾਸ ਕਰਨ ਵਾਲੇ ਲੋਕ ਨਵੇਂ ਮੌਕਿਆਂ ਜਾਂ ਬਿਹਤਰ ਜੀਵਨ ਦੀ ਭਾਲ ਸਾਂਝੀ ਕਰਦੇ ਹਨ।

ਨਾਲ ਹੀ, ਨਵੇਂ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਆਰਥਕ ਅਤੇ ਸਮਾਜਕ ਏਕੀਕਰਣ ਉਨ੍ਹਾਂ ਦੇ ਭਵਿੱਖ ਲਈ ਅਹਿਮ ਹੈ। ਆਪਣੇ ਨਵੇਂ ਘਰ ਨਾਲ ਜੁੜਿਆ ਮਹਿਸੂਸ ਕਰਨਾ ਅਤੇ ਔਸਟ੍ਰੇਲੀਆ ਦੇ ਭਾਈਚਾਰੇ ਦਾ ਭਾਗ ਬਣਨਾ ਕਦਰ ਪਾਏ ਜਾਣ ਅਤੇ ਆਪਣੇਪਨ ਦੀ ਭਾਵਨਾ ਦਾ ਨਿਰਮਾਣ ਕਰਦਾ ਹੈ।

ਸਰਕਾਰ ਬਸੇਰੇ ਸੰਬੰਧੀ ਢਾਂਚਾ ਪ੍ਰਦਾਨ ਕਰਦੀ ਹੈ, ਜਿਸਨੂੰ ਵਿਆਪਕ ਰੂਪ ਨਾਲ ਨਵੇਂ ਪ੍ਰਵਾਸੀਆਂ ਨੂੰ ਔਸਟ੍ਰੇਲੀਆਈ ਜੀਵਨ ਨਾਲ ਜੁੜਨ ਵਿੱਚ ਮਦਦ ਦੇਣ ਲਈ ਤਿਆਰ ਕੀਤੀ ਗਈ ਵਧੀਆ ਕਾਰਜਪ੍ਰਣਾਲੀ ਮੰਨਿਆ ਜਾਂਦਾ ਹੈ। ਬਸੇਰਾ ਪ੍ਰੋਗ੍ਰਾਮ ਪ੍ਰਵਾਸੀਆਂ ਨੂੰ ਸਵੈ-ਨਿਰਭਰ ਅਤੇ ਔਸਟ੍ਰੇਲੀਆ ਦੇ ਭਾਈਚਾਰੇ ਦੇ ਕਿਰਿਆਸ਼ੀਲ ਮੈਂਬਰ ਬਣਨ ਵਿੱਚ ਸਹਾਇਤਾ ਦਿੰਦੇ ਹਨ।

ਆਉਣ ਵਾਲੇ ਕੁਝ ਨਵੇਂ ਲੋਕਾਂ, ਖਾਸ ਤੌਰ ਤੇ ਔਸਟ੍ਰੇਲੀਆ ਦੇ ਰਿਫਿਊਜ਼ੀ ਅਤੇ ਮਾਨਵੀ ਪ੍ਰੋਗ੍ਰਾਮ ਰਾਹੀਂ ਆਉਣ ਵਾਲੇ ਨਵੇਂ ਲੋਕਾਂ, ਨੂੰ ਮਾਹਰ ਸਹਾਇਤਾ ਤੋਂ ਲਾਭ ਮਿਲਦਾ ਹੈ। ਇਸ ਵਿੱਚ ਅੰਗਰੇਜ਼ੀ ਸਿੱਖਣ ਅਤੇ ਜਰੂਰੀ ਸਿੱਖਿਆ ਜਾਂ ਰੋਜ਼ਗਾਰ ਹੁਨਰ ਹਾਸਲ ਕਰਨ ਵਿੱਚ ਮਦਦ ਦਿੱਤੀ ਜਾਣੀ ਸ਼ਾਮਿਲ ਹੈ। ਸਰਕਾਰ ਮਾਨਵੀ ਦਾਖਲਕਾਰਾਂ ਦੀ ਮਦਦ ਕਰਨ ਲਈ ਵਚਨਬੱਧ ਹੈ, ਖਾਸ ਤੌਰ ਤੇ ਉਨ੍ਹਾਂ ਦੇ ਔਸਟ੍ਰੇਲੀਆ ਆਉਣ ਬਾਅਦ ਦੇ ਪਹਿਲੇ ਪੰਜ ਸਾਲਾਂ ਦੌਰਾਨ, ਤਾਂਜੋ ਉਹ ਇੱਕ ਬਿਹਤਰ ਜੀਵਨ ਦੀ ਉਸਾਰੀ ਕਰ ਸਕਣ ਅਤੇ ਸਵੈ-ਨਿਰਭਰ, ਸਮਾਜ ਵਿੱਚ ਪੂਰਾ ਯੋਗਦਾਨ ਦੇਣ ਵਾਲੇ ਮੈਂਬਰ ਬੰਨ ਸਕਣ। ਔਸਟ੍ਰੇਲੀਆਈ ਸਰਕਾਰ ਵਰਤਮਾਨ ਵਿੱਚ ਬਸੇਰਾ ਸੇਵਾਵਾਂ ਵਿੱਚ ਸੋਧ ਕਰ ਰਹੀ ਹੈ ਤਾਂਜੋ ਮਾਨਵੀ ਦਾਖਲਕਾਰਾਂ ਲਈ ਅੰਗਰੇਜ਼ੀ ਭਾਸ਼ਾ, ਸਿੱਖਿਆ ਅਤੇ ਰੋਜ਼ਗਾਰ ਦੇ ਬਿਹਤਰ ਨਤੀਜੇ ਪ੍ਰਦਾਨ ਕੀਤੇ ਜਾ ਸਕਣ।

## ਸਾਡੀ ਵਿਭਿੰਨਤਾ ਅਤੇ ਸਾਂਝੇ ਰਾਸ਼ਟਰੀ ਹਿੱਤ ਦੇ ਲਾਭਾਂ ਨੂੰ ਕੰਮ ਵਿੱਚ ਲਿਆਉਣਾ

ਅੰਗਰੇਜ਼ੀ ਸਾਡੀ ਰਾਸ਼ਟਰੀ ਭਾਸ਼ਾ ਹੈ ਅਤੇ ਬਣੀ ਰਹੇਗੀ ਅਤੇ ਇਹ ਪ੍ਰਵਾਸੀ ਏਕੀਕਰਣ ਲਈ ਇੱਕ ਅਹਿਮ ਸਾਧਨ ਹੈ। ਨਾਲ ਹੀ, ਸਾਡਾ ਬਹੁਭਾਸ਼ੀ ਕਾਰਜਬਲ ਵਪਾਰਕ ਸੀਮਾਵਾਂ ਦਾ ਵਿਸਤਾਰ ਕਰ ਰਿਹਾ ਹੈ ਅਤੇ ਦੁਨੀਆ ਵਿੱਚ ਵੱਧਦੀ ਆਰਥਿਕਤਾ ਵਿੱਚ ਔਸਟ੍ਰੇਲੀਆ ਵਲੋਂ ਮੁਕਾਬਲ ਕਰਨ ਦੀ ਸੀਮਾ ਨੂੰ ਵਧਾ ਰਿਹਾ ਹੈ।

ਸਾਡੀ ਸਭਿਆਚਾਰਕ ਵਿਭਿੰਨਤਾ ਸਾਡੀ ਸਭ ਤੋਂ ਵੱਡੀ ਪੂੰਜੀ ਵਿੱਚੋਂ ਇੱਕ ਹੈ – ਇਹ ਨਵੀਨਤਾ, ਰਚਨਾਤਮਕਤਾ ਅਤੇ ਜੀਵਨ-ਸ਼ਕਤੀ ਨੂੰ ਚਮਕਾਉਂਦੀ ਹੈ। ਸਾਡੀ ਆਰਥਿਕਤਾ ਸਾਡੇ ਭਿੰਨ-ਭਿੰਨ ਕਾਰਜਬਲ ਦੇ ਹੁਨਰਾਂ, ਗਿਆਨ, ਭਾਸ਼ਾਈ ਸਮਰੱਥਾਵਾਂ, ਸੰਪਰਕਾਂ ਅਤੇ ਰਚਨਾਤਮਕਤਾ ਦੁਆਰਾ ਮਜਬੂਤ ਕੀਤੀ ਜਾਂਦੀ ਹੈ। ਸਾਡੀ ਉਤਪਾਦਕਤਾ ਅਤੇ ਮੁਕਾਬਲੇਬਾਜ਼ੀ ਵਿੱਚ ਅੰਤਰਰਾਸ਼ਟਰੀ ਆਰਥਕ ਸ਼ਮੂਲੀਅਤ ਲਈ ਮੋਕਿਆਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਹਾਸਲ ਕਰਨ ਦੀ ਸਾਡੀ ਸਮਰੱਥਾ ਰਾਹੀਂ ਵਾਧਾ ਹੁੰਦਾ ਹੈ।

ਇਸ ਵਿੱਚ ਕਈ ਅਸਥਾਈ ਪ੍ਰਵਾਸੀਆਂ ਦੀ ਪ੍ਰਤਿਭਾ ਸ਼ਾਮਿਲ ਹੈ ਜੋ ਔਸਟ੍ਰੇਲੀਆ ਵਿੱਚ ਆਪਣੀ ਮੌਜੂਦਗੀ ਦੌਰਾਨ ਔਸਟ੍ਰੇਲੀਆ ਦੀ ਆਰਥਿਕਤਾ ਅਤੇ ਇਸਦੇ ਸਮਾਜ ਵਿੱਚ ਯੋਗਦਾਨ ਦਿੰਦੇ ਹਨ। ਇਹਨਾਂ ਵਿਚੋਂ ਕਈ ਔਸਟ੍ਰੇਲੀਆ ਵਿੱਚ ਪੱਕੇ ਤੌਰ ਤੇ ਵੱਸ ਜਾਂਦੇ ਹਨ, ਜਦਕਿ ਬਾਕੀ ਆਪਣੇ-ਆਪਣੇ ਦੇਸ਼ ਪਰਤ ਜਾਂਦੇ ਹਨ ਜਾਂ ਕਿਸੇ ਹੋਰ ਦੇਸ਼ ਚੱਲੇ ਜਾਂਦੇ ਹਨ, ਜਿਸਦੇ ਨਤੀਜੇ ਵਜੋਂ ਵਿਦੇਸ਼ ਵਿੱਚ ਸਾਡੇ ਸਭਿਆਚਾਰਕ, ਵਪਾਰਕ ਅਤੇ ਆਰਥਕ ਅਵਸਰ ਵੱਧ ਮਜਬੂਤ ਹੁੰਦੇ ਹਨ।

ਸਰਕਾਰ, ਵਪਾਰ ਅਤੇ ਉਦਯੋਗ ਇਹ ਸਾਰੇ ਸਾਡੇ ਭਿੰਨ-ਭਿੰਨ ਕਾਜਰਬਲ ਦੇ ਲਾਭਾਂ ਦਾ ਪ੍ਰਸਾਰ ਕਰਨ ਅਤੇ ਇਨ੍ਹਾਂ ਦਾ ਵਧੱ ਤੋਂ ਵੱਧ ਲਾਭ ਉਠਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ।

## ਏਕਤਾਪੂਰਵਕ ਅਤੇ ਸਮਾਜਿਕ ਤੌਰ ਤੇ ਇੱਕਜੁਟ ਭਾਈਚਾਰਿਆਂ ਦੀ ਉਸਾਰੀ ਕਰਨਾ ਜਾਰੀ ਰੱਖਣਾ

ਸਾਡੀਆਂ ਸਾਂਝੀਆਂ ਔਸਟ੍ਰੇਲੀਆ ਦੀਆਂ ਕਦਰਾਂ-ਕੀਮਤਾਂ ਸਾਡੀ ਆਰਥਕ ਖੁਸ਼ਹਾਲੀ ਅਤੇ ਨਾਲ ਹੀ ਸਾਡੇ ਸਾਮਾਜਕ ਤੌਰ ਤੇ ਇੱਕਜੁਟ ਸਮਾਜ ਦੀਆਂ ਬੁਨਿਆਦ ਹਨ।

ਸਾਡੇ ਸਭਿਆਚਾਰਕ ਵਿਰਸੇ ਨੂੰ ਸਾਂਝਾ ਕਰਨਾ ਇਸ ਗੱਲ ਦਾ ਜਸ਼ਨ ਮਨਾਉਣ ਦਾ ਹਿੱਸਾ ਹੈ ਕਿ ਔਸਟ੍ਰੇਲੀਆਈ ਹੋਣ ਦਾ ਕੀ ਮਤਲੱਬ ਹੈ ਅਤੇ ਹਰੇਕ ਨੂੰ ਸਾਡੇ ਸਮਾਜ ਵਿੱਚ ਸ਼ਾਮਿਲ ਮਹਿਸੂਸ ਕਰਨ ਵਿੱਚ ਮਦਦ ਕਰਨਾ ਹੈ। ਭਾਈਚਾਰਕ ਏਕਤਾ ਰਾਸ਼ਟਰੀ ਇੱਕਜੁੱਟਤਾ ਦੀ ਉਸਾਰੀ ਕਰਦੀ ਹੈ। ਸਮਾਨ ਤਜਰਬੇ ਸਾਂਝੇ ਇਤੀਹਾਸ ਦੀ ਉਸਾਰੀ ਕਰਦੇ ਹਨ ਅਤੇ ਸਾਂਝੇ ਭਵਿੱਖ ਨੂੰ ਸਰੂਪ ਦਿੰਦੇ ਹੈ।

ਇਸਦੇ ਉਲਟ, ਨਸਲਵਾਦ ਅਤੇ ਭੇਦਭਾਵ ਸਾਡੇ ਸਮਾਜ ਨੂੰ ਕਮਜ਼ੋਰ ਬਣਾਉਂਦੇ ਹਨ। ਅਸੀ ਨਸਲੀ ਨਫ਼ਰਤ ਨੂੰ ਉਕਸਾਉਣ ਵਾਲੇ ਲੋਕਾਂ ਦੀ ਨਿੰਦਾ ਕਰਦੇ ਹਾਂ।

ਭਾਈਚਾਰਿਆਂ ਵਿੱਚ ਤਨਾਅ ਦੀ ਸੰਭਾਵਨਾ ਨੂੰ ਘੱਟ ਕਰਨ ਅਤੇ ਇੱਕਜੁੱਟਤਾ ਅਤੇ ਏਕਤਾ ਨੂੰ ਮਜਬੂਤ ਕਰਨ ਲਈ ਅੰਤਰ-ਧਾਰਮਿਕ ਅਤੇ ਅੰਤਰ-ਸਭਿਆਚਾਰਕ ਵਾਰਤਾ ਮਹੱਤਵਪੂਰਣ ਹੈ। ਅਜਿਹੀ ਵਾਰਤਾ ਪੱਖਪਾਤ ਨੂੰ ਘੱਟ ਕਰਨ, ਪਾਰ-ਸਭਿਆਚਾਰਕ ਸਮਝਬੂਝ ਦਾ ਪ੍ਰਸਾਰ ਕਰਨ, ਵਿਭਿੰਨ ਨਸਲੀ ਅਤੇ ਧਾਰਮਿਕ ਸਮੂਹਾਂ ਵਿੱਚਕਾਰ ਸੰਬੰਧਾਂ ਨੂੰ ਬਿਹਤਰ ਬਣਾਉਣ, ਅਤੇ ਆਪਣੇਪਨ ਦੀ ਭਾਵਨਾ ਅਤੇ ਯਕੀਨ ਨੂੰ ਵਧਾਉਣ ਵਿੱਚ ਮਦਦ ਕਰਦੀ ਹੈ।

ਚਾਹੇ ਤੁਸੀ ਕਿਸੇ ਵੀ ਸਭਿਆਚਾਰਕ ਪਿਛੋਕੜ ਨਾਲ ਸੰਬੰਧਿਤ ਹੋਵੇ, ਤੁਹਾਡਾ ਜਨਮ ਸਥਾਨ ਜਾਂ ਧਰਮ ਕੋਈ ਵੀ ਹੋਵੇ, ਔਸਟ੍ਰੇਲੀਆ ਵਿੱਚ ਮੌਜੂਦ ਹਰ ਵਿਅਕਤੀ ਜਾਂ ਔਸਟ੍ਰੇਲੀਆ ਆਉਣ ਵਾਲੇ ਹਰ ਵਿਅਕਤੀ ਦੀ ਇਹ ਜ਼ਿੰਮੇਦਾਰੀ ਹੈ ਕਿ ਉਹ ਇੱਕ ਦੂਜੇ ਨਾਲ ਸ਼ਮੂਲੀਅਤ ਕਰ ਅਤੇ ਇੱਕ ਦੂਜੇ ਨੂੰ ਸੱਮਝਣ ਦੀ ਕੋਸ਼ਿਸ਼ ਕਰ, ਅਤੇ ਨਸਲਵਾਦ ਜਾਂ ਹਿੰਸਾਤਮਕ ਅੱਤਵਾਦ ਦੇ ਕਿਸੇ ਵੀ ਰੂਪ ਨੂੰ ਸਵੀਕਾਰ ਨਾ ਕਰ।

**ਸਾਰ**

ਇੱਕ ਦੇ ਬਾਅਦ ਇੱਕ ਔਸਟ੍ਰੇਲੀਆ ਦੀਆਂ ਸਰਕਾਰਾਂ ਨੇ ਬਹੁ-ਸਭਿਆਚਾਰਕ ਔਸਟ੍ਰੇਲੀਆ ਪ੍ਰਤੀ ਮਜ਼ਬੂਤ ਵਚਨਬੱਧਤਾ ਦੀ ਸਥਾਪਨਾ ਕੀਤੀ ਹੈ। ਇਸ ਨਵੇਂ ਬਿਆਨ ਦੇ ਨਾਲ ਸਰਕਾਰ ਦੀ ਵਚਨਬੱਧਤਾ ਦਾ ਨਵੀਕਰਣ ਕਰਨ ਅਤੇ ਇਸਦੀ ਪੁਸ਼ਟੀ ਕਰਨ ਦਾ ਇਹ ਠੀਕ ਸਮਾਂ ਹੈ: ਉਨ੍ਹਾਂ ਕਦਰਾਂ-ਕੀਮਤਾਂ ਅਤੇ ਜਿੰਮੇਦਾਰੀਆਂ ਉੱਤੇ ਇੱਕ ਸਪੱਸ਼ਟ ਸੁਨੇਹਾ ਜੋ ਸਾਡੇ ਸਮਾਜ ਨੂੰ ਮਜਬੂਤ ਬਣਾਉਂਦੀਆਂ ਹਨ, ਸਾਡੇ ਰਾਸ਼ਟਰੀ ਹਿੱਤ ਦਾ ਸਮਰਥਨ ਕਰਦੀਆਂ ਹਨ ਅਤੇ ਇਸ ਗੱਲ ਦਾ ਮਾਰਗ-ਦਰਸ਼ਨ ਕਰਦੀਆਂ ਹਨ ਕਿ ਅਸੀ ਚੁਨੌਤੀਆਂ ਦਾ ਕਿਵੇਂ ਜਵਾਬ ਦਿੰਦੇ ਹਾਂ। ਇਹ ਇੱਕ ਮਜ਼ਬੂਤ ਅਤੇ ਕਾਮਯਾਬ ਬਹੁ-ਸਭਿਆਚਾਰਕ ਦੇਸ਼ ਦੇ ਤੌਰ ਤੇ ਸਾਡੇ ਭਵਿੱਖ ਦੇ ਉਦੇਸ਼ ਨੂੰ ਪੇਸ਼ ਕਰਦਾ ਹੈ, ਜੋ ਔਸਟ੍ਰੇਲੀਆ ਪ੍ਰਤੀ ਸਾਡੀ ਨਿਸ਼ਠਾ ਨਾਲ ਇੱਕਜੁਟ ਹੈ ਅਤੇ ਅਜ਼ਾਦੀ ਅਤੇ ਖੁਸ਼ਹਾਲੀ ਪ੍ਰਤੀ ਵਚਨਬੱਧ ਹੈ।